# ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਹੁਰਾਂ ਦੀ ਯਾਦ ਵਿਚ

23ਮਾਰਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦੀ 77ਵੀਂ ਵਰ੍ਹੇਗੰਢ ਹੈ। ਦੇਸ਼ ਭਗਤ, ਅਗਾਂਹਵਧੂ ਅਤੇ ਰੌਸ਼ਨ ਖਿਆਲ ਲੋਕ ਇਸ ਦਿਹਾੜੇ ਸ਼ਹੀਦਾਂ ਦੀ ਕੁਰਬਾਨੀ ਯਾਦ ਕਰਕੇ ਮੁਕਤੀ ਅਤੇ ਨਵੇਂ ਸਮਾਜ ਦੀ ਉਸਾਰੀ ਦੇ ਆਪਣੇ ਘੋਲਾਂ ਨੂੰ ਹੋਰ ਤਿੱਖਾ ਕਰਨ ਦੀਆਂ ਸੌਂਹਾਂ ਖਾਂਦੇ ਹਨ। ਦੂਸਰੇ ਪਾਸੇ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਵੀ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਬੁਤਾਂ ਉਤੇ ਤਾਂ ਫੁੱਲ ਚੜਾਉਂਦੇ ਹਨ ਪਰ ਭਗਤ ਸਿੰਘ ਹੁਰਾਂ ਦੀਆਂ ਲੀਹਾਂ ਤੇ ਚਲਣ ਵਾਲਿਆਂ ਦਾ ਕਤਲਾਮ ਕਰਦੇ ਹਨ। ਹਾਕਮ ਜਮਾਤਾਂ ਦੇ ਨੁਮਾਇੰਦੇ ਭਗਤ ਸਿੰਘ ਹੁਰਾਂ ਦੀ ਕੁਰਬਾਨੀ ਆਪਣੇ ਸੌੜੇ ਹਿਤਾਂ ਲਈ, ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਵਰਤਦੇ ਹਨ। ਲੋਕਾਂ ਦੇ ਦਿਲਾਂ ਵਿਚ ਇਨ੍ਹਾਂ ਦੇਸ਼ ਭਗਤਾਂ ਲਈ ਬਹੁਤ ਸਤਿਕਾਰ ਅਤੇ ਪਿਆਰ ਹੈ। ਲੋਕਾਂ ਦੇ ਸ਼ਹੀਦਾ ਪ੍ਰਤੀ ਇਸ ਪਿਆਰ ਅਤੇ ਸਤਿਕਾਰ ਨੂੰ ਹਾਕਮ ਜਮਾਤਾਂ ਆਪਣੇ ਨਿਸ਼ਾਨਿਆਂ ਲਈ ਵਰਤਣ ਦੀ ਕੋਸ਼ਿਸ਼ ਵਿਚ ਰਹਿੰਦੀਆਂ ਹਨ। ਲੋਕਾਂ ਨੂੰ ਉਹ ਸਿਰਫ ਸ਼ਹੀਦਾਂ ਦੇ ਬੁੱਤਾਂ ਜਾਂ ਤਸਵੀਰਾਂ ਉਤੇ ਫੁੱਲ ਚੜ੍ਹਾਉਣ ਤਾਈਂ ਹੀ ਮਹਿਦੂਦ ਰਖਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਯਾਦ ਨੂੰ ਇਕ ਰਸਮੀ ਗੱਲ ਬਣਾਕੇ ਉਨ੍ਹਾਂ ਦੇ ਕੰਮ, ਕੁਰਬਾਨੀ ਅਤੇ ਨਿਸ਼ਾਨੇ ਨੂੰ ਲੋਕਾਂ ਦੀ ਯਾਦ ਵਿਚੋਂ ਮਿਟਾਉਣਾ ਚਾਹੁੰਦੇ ਹਨ ਤਾਂ ਕਿ ਲੋਕ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਉਤਸ਼ਾਹ ਲੈ ਕੇ ਆਪਣੇ ਹੱਕਾਂ ਅਤੇ ਮੁਕਤੀ ਦੇ ਘੋਲ ਨੂੰ ਅੱਗੇ ਵਧਾਉਣ ਦੇ ਰਾਹ ਨਾ ਪੈਣ। ਇਸਦੇ ਨਾਲ ਹੀ ਉਹ ਲੋਕਾਂ ਨੂੰ ਗੁਮਰਾਹ ਕਰਦੇ ਹੋਏ ਹਾਕਮ ਜਮਾਤਾਂ ਦੇ ਨੁਮਾਇੰਦੇ ਇਹ ਨਾਟਕ ਵੀ ਕਰਦੇ ਹਨ ਕਿ ਉਹ ਸ਼ਹੀਦਾਂ ਦੇ ਵਾਰਸ ਹਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਕਦਰ ਕਰਨ ਵਾਲੇ ਹਨ।

ਲੇਕਿਨ, ਜਿਸ ਨਿਸ਼ਾਨੇ ਲਈ ਇਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਨੇ ਕੁਰਬਾਨੀਆਂ ਦਿਤੀਆਂ ਸੀ ਉਨ੍ਹਾਂ ਨਿਸ਼ਾਨਿਆਂ ਦੇ ਖ਼ਿਲਾਫ ਹਾਕਮਾਂ ਦੇ ਸਾਰੇ ਅਮਲ ਹਨ। ਇਹ ਆਪਣਾ ਸਾਰਾ ਰਾਜ ਪ੍ਰਬੰਧ, ਰਾਜ ਤੰਤ੍ਰ ਅਤੇ ਵਿਦਿਅਕ ਅਦਾਰੇ ਉਨ੍ਹਾਂ ਨਿਸ਼ਾਨਿਆਂ ਦੇ ਖਿਲਾਫ ਵਰਤਦੇ ਹਨ। ਪਰ ਲੋਕਾਂ ਵਿਚ ਇਹ ਭਰਮ ਫੈਲਾਉਣਾ ਚਾਹੁੰਦੇ ਹਨ ਕਿ ਉਹ ਵੀ ਸ਼ਹੀਦਾਂ ਦੇ ਰਾਹ ਦੀ ਪੈਰਵੀ ਕਰਦੇ ਹਨ। ਮਿਸਾਲ ਦੇ ਤੌਰ ਤੇ ਭਗਤ ਸਿੰਘ ਹੁਰਾਂ ਦੀ ਬਰਸੀ ਤੇ ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਹੋਰ ਵੱਡੇ ਲੀਡਰ ਲੰਮੀਆਂ ਲੰਮੀਆਂ ਤਕਰੀਰਾਂ ਕਰਕੇ ਘਰਾਂ ਨੂੰ ਚਲੇ ਜਾਂਦੇ ਹਨ। ਲੋਕਾਂ ਦੇ ਆਗੂਆਂ, ਸ਼ਹੀਦਾਂ ਅਤੇ ਮਕਬੂਲ ਹਸਤੀਆਂ ਨੂੰ ਨਕਾਰਨ ਦਾ ਅਤੇ ਉਨ੍ਹਾਂ ਦਾ ਅਸਰ ਖ਼ਤਮ ਕਰਨ ਦਾ ਇਹ ਹਾਕਮ ਜਮਾਤਾਂ ਦਾ ਆਮ ਹੀ ਤਰੀਕਾ ਹੈ। ਜਿਸ ਨਿਸ਼ਾਨੇ ਲਈ ਉਹ ਲੜੇ ਉਸਦੀ ਕੋਈ ਗੱਲ ਨਾਂ ਕਰੋ ਪਰ ਉਨ੍ਹਾਂ ਦੇ ਬੁਤਾਂ ਅਤੇ ਮੜ੍ਹੀਆਂ ਤੇ ਫੁੱਲ ਚੜ੍ਹਾਉਂਦੇ ਰਹੋ ਤੇ ਦੀਵੇ ਜਗਾਉਂਦੇ ਰਹੋ। ਪਰ ਇਹੋ ਜਿਹੀਆਂ ਜਾਅਲ ਸਾਜ਼ੀਆਂ ਨਾਲ ਲੋਕਾਂ ਦੇ ਘੋਲ ਖੁੰਡੇ ਨਹੀਂ ਹੁੰਦੇ ਅਤੇ ਨਾ ਲੋਕੀ ਆਪਣੇ ਸ਼ਹੀਦਾਂ ਨੂੰ ਹੀ ਭੁਲਦੇ ਹਨ।

ਹਾਕਮ ਜਮਾਤਾਂ ਲੋਕਾਂ ਦੇ ਸ਼ਹੀਦਾਂ ਅਤੇ ਆਗੂਆਂ ਦੇ ਖਿਲਾਫ ਇਕ ਹੋਰ ਤਰੀਕਾ ਵੀ ਵਰਤਦੀਆਂ ਹਨ। ਲੋਕਾਂ ਦੇ ਸਹੀ ਆਗੂਆਂ ਦੇ ਖ਼ਿਲਾਫ਼ ਉਹ ਨਿਰ-ਆਧਾਰ ਦੂਸ਼ਣਬਾਜ਼ੀ ਕਰਣ ਦਾ ਤਰੀਕਾ ਵਰਤਦੇ ਹਨ ਅਤੇ ਉਨ੍ਹਾਂ ਬਾਰੇ ਅਫਵਾਂਹਾਂ ਅਤੇ ਜ਼ਾਤੀ ਹਮਲਿਆਂ ਦਾ ਬਾਜ਼ਾਰ ਗਰਮ ਕੀਤਾ ਜਾਂਦਾ ਹੈ। ਉਨ੍ਹਾਂ ਦੀ ਕੁਰਬਾਨੀ ਬਾਰੇ ਸ਼ੱਕ ਅਤੇ ਸ਼ੁਬਹੇ ਫੈਲਾਏ ਜਾਂਦੇ ਹਨ। ਜਦੋਂ ਲੋਕ ਇਨ੍ਹਾਂ ਗੱਲਾਂ ਦੇ ਖਿਲਾਫ ਕੋਈ ਗੱਲ ਅਤੇ ਕਾਰਵਾਈ ਕਰਦੇ ਹਨ ਤਾਂ ਉਨਾਂ ਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਹ ਤਾਂ ਬੇਮਤਲਬ ਹੀ ਜਜ਼ਬਾਤੀ ਹੋਕੇ ਗੁੱਸੇ ਵਿਚ ਆ ਜਾਂਦੇ ਹਨ। ਇਕ ਹੋਰ ਦਲੀਲ ਦਿਤੀ ਜਾਂਦੀ ਹੈ ਕਿ ਇਤਿਹਾਸ ਵਿਚ ਖ਼ਾਸ ਵਿਅਕਤੀਆਂ ਦਾ ਕਿਰਦਾਰ ਐਨਾਂ ਅਹਿਮ ਨਹੀਂ ਹੁੰਦਾ, ਅਹਿਮੀਅਤ ਤਾਂ ਇਤਿਹਾਸਿਕ ਲਹਿਰ ਅਤੇ ਜੱਥੇਬੰਦੀਆਂ ਦੀ ਹੁੰਦੀ ਹੈ, ਇਸ ਲਈ ਇਨ੍ਹਾਂ ਆਗੂਆਂ ਅਤੇ ਸ਼ਹੀਦਾਂ ਨੂੰ ਜੇ ਕੋਈ ਭੰਡਦਾ ਹੈ ਤਾਂ ਉਸ ਨੂੰ ਕੁਝ ਕਹਿਣ ਦੀ ਲੋੜ ਨਹੀਂ। ਕਿਸੇ ਦੇ ਨਾਂ ਵਿਚ ਕੁਝ ਨਹੀਂ ਰਖਿਆ। ਇਹ ਦਲੀਲ ਵੀ ਬਿਲਕੁਲ ਫੋਕੀ ਹੈ ਕਿਉਂਕਿ ਲੋਕਾਂ ਅਤੇ ਕੌਮਾਂ ਦੇ ਇਤਿਹਾਸ ਸਿਰਜਣ ਵਿਚ ਵਿਅਕਤੀ ਦੀ ਬਹੁਤ ਹੀ ਅਹਿਮ ਭੂਮਿਕਾ ਹੁੰਦੀ ਹੈ ਅਤੇ ਰਹੇਗੀ। ਮਿਸਾਲ ਦੇ ਤੌਰ ਤੇ ਮਜ਼ਦੂਰ ਜਮਾਤ ਦੇ ਮੁਕਤੀ ਦੇ ਘੋਲ ਦੇ ਇਤਿਹਾਸ ਵਿਚ ਮਾਰਕਸ, ਐਂਗਲਸ, ਲੈਨਿਨ, ਸਟਾਲਿਨ ਅਤੇ ਹੋਰਨਾਂ ਆਗੂਆਂ ਦੀ ਬਹੁਤ ਹੀ ਅਹਿਮੀਅਤ ਹੈ ਅਤੇ ਉਨ੍ਹਾਂ ਦੇ ਦੱਸੇ ਹੋਏ ਰਾਹ ਦੀ ਫੈਸਲਾਕੁੰਨ ਅਹਿਮੀਅਤ ਹੈ। ਹਾਕਮ ਜਮਾਤਾਂ ਉਨ੍ਹਾਂ ਉਤੇ ਹਮਲੇ ਇਸ ਲਈ ਕਰਦੀਆਂ ਹਨ ਕਿ ਉਨ੍ਹਾਂ ਦੇ ਕੰਮ ਅਤੇ ਰਾਹ ਨੂੰ ਭੰਡ ਸਕਣ।

ਇਸੇ ਤਰਾਂ ਕੌਮਾਂ ਅਤੇ ਕੌਮੀਅਤਾਂ ਤੇ ਮੁਕਤੀ ਘੋਲ ਵਿਚ ਕੌਮੀ ਘੁਲਾਟੀਆਂ ਦੀ ਅਹਿਮ ਭੁਮਿਕਾ ਰਹੀ ਹੈ ਅਤੇ ਰਹੇਗੀ। ਜਿਰੜੇ ਲੋਕ ਅਤੇ ਕੌਮਾਂ ਆਪਣੇ ਸ਼ਹੀਦਾਂ ਅਤੇ ਆਗੂਆਂ ਨੂੰ ਯਾਦ ਨਹੀਂ ਰਖਦੇ ਜਾਂ ਉਨ੍ਹਾਂ ਦੇ ਨਾਂਅ ਅਤੇ ਕੰਮ ਦੀ ਰਾਖੀ ਨਹੀਂ ਕਰਦੇ ਉਨ੍ਹਾਂ ਦੀ ਕੋਈ ਸ਼ਾਨ ਨਹੀਂ ਰਹਿੰਦੀ ਕਿਉਂਕਿ ਆਪਣੀ ਤਾਰੀਖ ਅਤੇ ਇਤਿਹਾਸ ਤੋਂ ਮੁਨਕਰ ਹੋਣਾ ਬਹੁਤ ਹੀ ਖ਼ਤਰਨਾਕ ਹੈ ਅਤੇ ਗੁਲਾਮੀ ਦੀ ਨਿਸ਼ਾਨੀ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਬਸਤੀਵਾਦੀਏ ਅਤੇ ਸਮਰਾਜੀਏ ਹਰੇਕ ਥਾਂ ਤੇ ਲੋਕਾਂ ਨੂੰ ਆਪਣਾ ਗੌਰਵਮਈ ਇਤਿਹਾਸ ਅਤੇ ਸ਼ਹੀਦਾਂ ਨੂੰ ਭੁਲੱਣ ਦੀ ਤਾਲੀਮ ਦਿੰਦੇ ਹਨ। ਇਹ ਲੋਕਾਂ ਦੇ ਆਗੂਆਂ ਅਤੇ ਸ਼ਹੀਦਾਂ ਬਾਰੇ ਜਾਂ ਤਾਂ ਕੋਈ ਗੱਲ ਹੀ ਨਹੀਂ ਕਰਦੇ ਜਾਂ ਉਨ੍ਹਾਂ ਦੇ ਕੰਮ ਅਤੇ ਨਾਂਅ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ। ਖਾਸ ਵਿਅਕਤੀਆਂ ਅਤੇ ਤਾਰੀਖ ਵਿਚ ਉਨ੍ਹਾਂ ਦੇ ਕਿਰਦਾਰ ਬਾਰੇ ਭੁਲੇਖੇ ਖੜ੍ਹੇ ਕਰਦੇ ਹਨ। ਇਹ ਗੱਦਾਰਾਂ ਨੂੰ ਲੋਕਾਂ ਦੇ ਨਾਇਕ ਬਣਾਕੇ ਪੇਸ਼ ਕਰਦੇ ਹਨ ਅਤੇ ਲੋਕਾਂ ਦੇ ਅਸਲੀ ਨਾਇਕਾਂ ਨੂੰ ਭੰਡਦੇ ਹਨ।

ਪਰ ਲੋਕਾਂ ਦੇ ਇਹ ਆਗੂ ਅਤੇ ਸ਼ਹੀਦ ਲੋਕਾਂ ਦੀਆਂ ਤਾਂਘਾਂ ਦਾ ਹੀ ਅਕਸ ਹੁੰਦੇ ਹਨ। ਉਹ ਇਕ ਖ਼ਾਸ ਸਮੇਂ ਅਤੇ ਖ਼ਾਸ ਹਾਲਾਤ ਵਿਚ ਲੋਕਾਂ ਦੀਆਂ ਸਧਰਾਂ ਅਤੇ ਤਾਂਘਾਂ ਨੂੰ ਸਾਹਮਣੇ ਲਿਆਂਉਦੇ ਹਨ। ਅਸਲ ਵਿਚ ਉਹ ਲੋਕਾਂ ਦੀਆਂ ਇਨ੍ਹਾਂ ਸਧਰਾਂ ਅਤੇ ਤਾਂਘਾਂ ਦੀ ਕੁੱਖ ਵਿਚੋਂ ਹੀ ਜਨਮਦੇ ਹਨ, ਇਨ੍ਹਾਂ ਦੀ ਪੈਰਵੀ ਕਰਦੇ ਹਨ, ਅਤੇ ਇਨ੍ਹਾਂ ਇਕ ਦਾ ਅਨਿਖੜਵਾਂ ਹਿੱਸਾ ਹੁੰਦੇ ਹਨ। ਇਨ੍ਹਾਂ ਆਗੂਆਂ ਅਤੇ ਸ਼ਹੀਦਾਂ ਨੂੰ ਲੋਕਾਂ ਤੋਂ ਅੱਡ ਕਰਨਾ ਜਾਬਰਾਂ ਦੀ ਚਾਲ ਹੈ। ਦਰਅਸਲ, ਜਦੋਂ ਕੋਈ ਉਨ੍ਹਾਂ ਤੇ ਹਮਲਾ ਕਰਦਾ ਹੈ ਤਾਂ ਉਹ ਹਮਲਾਂ ਲੋਕਾਂ ਦੀਆਂ ਤਾਂਘਾਂ, ਸਧਰਾਂ ਅਤੇ ਉਸ ਸਭ ਕੁਝ ਉਤੇ ਹਮਲਾ ਹੁੰਦਾ ਹੈ ਜਿਸ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ ਲੇਖੇ ਲਾ ਦਿਤੀ ਅਤੇ ਜਾਨ ਦੀ ਕੁਰਬਾਨੀ ਵੀ ਦੇ ਦਿਤੀ।

ਅੱਜ ਸਾਮਰਾਜੀਏ ਅਤੇ ਉਨ੍ਹਾਂ ਦੇ ਜੁੰਡੀਦਾਰ ਲੋਕਾਂ ਦੀ ਹਰੇਕ ਪ੍ਰਾਪਤੀ ਨੂੰ ਤਹਿਸ ਨਹਿਸ ਕਰਨ ਵਿਚ ਲੱਗੇ ਹੋਏ ਹਨ। ਉਹ ਲੋਕਾਂ ਦੀ ਹਰ ਪਾਕੀਜ਼ਾ ਚੀਜ਼ ਅਤੇ ਵਿਰਸੇ ਤੇ ਹਮਲੇ ਕਰ ਰਹੇ ਹਨ। ਮਨੁੱਖਤਾ ਦੀਆਂ ਸਾਰੀਆਂ ਪ੍ਰਾਪਤੀਆਂ ਉਤੇ ਹਮਲੇ ਕੀਤੇ ਜਾ ਰਹੇ ਹਨ। ਲੋਕਾਂ ਦੇ ਸ਼ਹੀਦਾਂ ਅਤੇ ਉਨ੍ਹਾਂ ਦੇ ਆਗੂਆਂ ਤੇ ਹਮਲੇ ਇਸ ਤਹਿਸ ਨਹਿਸ ਦਾ ਹੀ ਹਿੱਸਾ ਹਨ। ਲੋਕਾਂ ਤੇ ਦਬਾਅ ਹੈ ਕਿ ਉਹ ਆਪਣੇ ਸ਼ਹੀਦਾਂ ਅਤੇ ਆਗੂਆਂ ਉਤੇ ਹਮਲਿਆਂ ਬਾਰੇ ਚੁਪ ਰਹਿਣ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ 77ਵੀਂ ਬਰਸੀ ਦੇ ਮੌਕੇ ਤੇ ਸੱਭ ਦੇਸ਼ ਭਗਤਾਂ ਅਤੇ ਆਜ਼ਾਦੀ ਦੇ ਘੁਲਾਟੀਆਂ ਨੂੰ ਆਪਣੇ ਘੋਲ ਤੇਜ਼ ਕਰਨ ਦੀ ਅਤੇ ਇਨ੍ਹਾਂ ਸ਼ਹੀਦਾਂ ਦੇ ਨਾਂਅ ਅਤੇ ਕੰਮ ਦੀ ਰਾਖੀ ਕਰਨ ਦੀ ਲੋੜ ਹੈ। ਉਨ੍ਹਾਂ ਦਾ ਨਾਂਅ ਅਤੇ ਕੰਮ ਅਮਰ ਹੈ।